**ਪੰਜਾਬ ਸਰਕਾਰ**

**ਦਫਤਰ ਵਧੀਕ ਮੁੱਖ ਸਕੱਤਰ-ਕਮ-ਵਿੱਤੀ ਕਮਿਸ਼ਨਰ ਮਾਲ**

ਸੇਵਾ ਵਿਖੇ

1. ਰਾਜ ਦੇ ਸਮੂਹ ਡਿਪਟੀ ਕਮਿਸ਼ਨਰਜ਼ ।
2. ਰਾਜ ਦੇ ਸਮੂਹ ਉੱਪ ਮੰਡਲ ਮੈਜਿਸਟ੍ਰੇਟ ।
3. ਰਾਜ ਦੇ ਸਮੂਹ ਜਿਲ੍ਹਾ ਮਾਲ ਅਫਸਰ/ਤਹਿਸੀਲਦਾਰ/ਨਾਇਬ ਤਹਿਸੀਲਦਾਰ।

ਮੀਮੋ ਨੰਬਰ: PLRS/2024/484-486
ਚੰਡੀਗੜ੍ਹ, ਮਿਤੀ 29.11.2024

**ਵਿਸ਼ਾ: ਝਗੜਾ ਰਹਿਤ ਇੰਤਕਾਲਾਂ ਦੇ ਨਿਪਟਾਰੇ ਲਈ ਵਿਸ਼ੇਸ਼ ਮੁਹਿੰਮ ਚਲਾਉਣ ਬਾਰੇ।**

1. ਜਿਵੇਂ ਕਿ ਆਪ ਜਾਣਦੇ ਹੋ ਕਿ ਸਰਕਾਰ ਦੀਆਂ ਹਦਾਇਤਾਂ ਨੰ. 25/57/2012-ਭਮ-2/6498-6789 ਮਿਤੀ 05.05.2014 ਅਨੁਸਾਰ ਝਗੜਾ ਰਹਿਤ ਇੰਤਕਾਲਾਂ ਦਾ ਫੈਸਲਾ ਵੱਧ ਤੋਂ ਵੱਧ 45 ਦਿਨਾਂ ਦੇ ਅੰਦਰ ਕੀਤਾ ਜਾਣਾ ਹੁੰਦਾ ਹੈ।

2. ਪਰੰਤੂ ਨਿਮਨਹਸਤਾਖਰ ਦੇ ਧਿਆਨ ਵਿੱਚ ਆਇਆ ਹੈ ਕਿ ਕਾਫੀ ਇੰਤਕਾਲ 45 ਦਿਨ ਤੋਂ ਜਿਆਦਾ ਸਮੇਂ ਤੋਂ ਲੰਬਿਤ ਪਏ ਹਨ। ਕੁੱਝ ਇੰਤਕਾਲ ਤਾਂ ਇੱਕ ਸਾਲ ਤੋਂ ਵੱਧ ਸਮੇਂ ਤੋਂ ਲੰਬਿਤ ਪਏ ਹਨ। ਇਹ ਸਥਿਤੀ ਬਿਲਕੁਲ ਬਰਦਾਸਤ ਨਹੀ ਕੀਤੀ ਜਾ ਸਕਦੀ।

3. ਆਪ ਨੂੰ ਆਦੇਸ਼ ਦਿੱਤਾ ਜਾਂਦਾ ਹੈ, ਕਿ ਵਿਸ਼ੇਸ ਮੁਹਿੰਮ ਚਲਾਕੇ ਸਾਰੇ ਪੈਡਿੰਗ ਝਗੜਾ ਰਹਿਤ ਇੰਤਕਾਲਾਂ ਦਾ ਮਿਤੀ 31.12.2024 ਤੱਕ ਫੈਸਲਾ ਕੀਤਾ ਜਾਵੇ।

4. ਇਸ ਮੰਤਵ ਲਈ ਵੱਡੇ ਪਿੰਡਾਂ/ਕਸਬਿਆਂ ਵਿੱਚ ਵਿਸ਼ੇਸ ਕੈਂਪ ਲਗਾਏ ਜਾਣ।

5. ਨਿਮਨਹਸਤਾਖਰ ਵੱਲੋਂ ਡਿਪਟੀ ਕਮਿਸ਼ਨਰਾਂ ਨਾਲ ਇਸ ਸਬੰਧੀ ਪ੍ਰਗਤੀ ਦੀ ਸਮੀਖਿਆ 16.12.2024 ਅਤੇ 31.12.2024 ਨੂੰ ਕੀਤੀ ਜਾਵੇਗੀ।

6. ਮਿਤੀ 31.12.2024 ਤੋਂ ਬਾਅਦ, ਜੇ 45 ਦਿਨ ਦੀ ਸਮਾਂ ਸੀਮਾਂ ਤੋਂ ਵੱਧ ਕੋਈ ਝਗੜਾ ਰਹਿਤ ਇੰਤਕਾਲ ਕਿਸੇ ਤਹਿਸੀਲ/ਸਬ-ਤਹਿਸੀਲ ਵਿੱਚ ਪੈਂਡਿੰਗ ਪਾਇਆ ਜਾਂਦਾ ਹੈ ਤਾਂ ਸਬੰਧਤ ਅਧਿਕਾਰੀ/ਕਰਮਚਾਰੀ (ਜਿਸ ਦੇ ਪੱਧਰ ਤੇ ਵੀ ਦੇਰੀ ਹੋਈ ਹੋਵੇ) ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ।

**ਅਨੁਰਾਗ ਵਰਮਾ, ਆਈ.ਏ.ਐਸ**
**ਵਧੀਕ ਮੁੱਖ ਸਕੱਤਰ (ਮਾਲ)**

**ਪਿ.ਅ.ਨੰ. PLRS/2024/487-489** **ਚੰਡੀਗੜ੍ਹ, ਮਿਤੀ: 29.11.2024**

ਇਸ ਦਾ ਇੱਕ ਉਤਾਰਾ ਹੇਠ ਲਿਖਿਆ ਨੂੰ ਉਨ੍ਹਾਂ ਦੀ ਸੂਚਨਾ ਅਤੇ ਲੋੜੀਂਦੀ ਕਾਰਵਾਈ ਲਈ ਭੇਜਿਆ ਜਾਂਦਾ ਹੈਃ-

1 ਰਾਜ ਦੇ ਸਮੂਹ ਮੰਡਲ ਕਮਿਸ਼ਨਰਜ਼।
2 ਉਤਾਰਾ ਡਾਇਰੈਕਟਰ, ਪਬਲਿਕ ਰਿਲੇਸ਼ਨ ਨੂੰ ਭੇਜਕੇ ਆਖਿਆ ਜਾਂਦਾ ਹੈ ਕਿ ਆਮ ਪਬਲਿਕ ਨੂੰ ਇਨ੍ਹਾਂ ਹਦਾਇਤਾਂ ਤੋਂ ਜਾਣੂ ਕਰਵਾਇਆ ਜਾਵੇ ਅਤੇ ਉਨ੍ਹਾਂ ਨੂੰ ਇਹ ਵੀ ਦੱਸਿਆ ਜਾਵੇ ਕਿ ਜੇ ਕਿਸੇ ਵਿਅਕਤੀ ਨੂੰ ਝਗੜਾ ਰਹਿਤ ਇੰਤਕਾਲ ਦਰਜ ਕਰਵਾਉਣ ਜਾਂ ਮਨਜ਼ੂਰ ਕਰਵਾਉਣ ਵਿੱਚ ਕੋਈ ਦਿੱਕਤ ਆਉਂਦੀ ਹੈ ਜਾਂ ਕੋਈ ਅਧਿਕਾਰੀ/ਕਰਮਚਾਰੀ ਇਸ ਸਬੰਧੀ ਉਨ੍ਹਾਂ ਤੋਂ ਰਿਸ਼ਵਤ ਦੀ ਮੰਗ ਕਰਦਾ ਹੈ ਤਾਂ ਉਹ ਹੈਲਪਲਾਈਨ ਨੰ. 1100 ਤੇ ਸੂਚਿਤ ਕਰ ਸਕਦੇ ਹਨ।
3 ਉਤਾਰਾ ਡਾਇਰੈਕਟਰ, ਗਵਰਨੈਸ ਰਿਫਾਰਮਸ ਨੂੰ ਭੇਜ ਕੇ ਆਖਿਆ ਜਾਂਦਾ ਹੈ ਕਿ ਉਹ ਇਸ ਸਬੰਧੀ ਹੈਲਪਲਾਈਨ ਨੰ. 1100 ਤੇ ਆਉਣ ਵਾਲੀਆਂ ਸਾਰੀਆਂ ਸ਼ਿਕਾਇਤਾਂ ਹਰ ਰੋਜ ਨਿਮਨਹਸਤਾਖਰ ਅਤੇ ਸਬੰਧਤ ਡਿਪਟੀ ਕਮਿਸ਼ਨਰਾਂ ਨੂੰ ਭੇਜਣ।

**ਅਨੁਰਾਗ ਵਰਮਾ, ਆਈ.ਏ.ਐਸ**
**ਵਧੀਕ ਮੁੱਖ ਸਕੱਤਰ (ਮਾਲ)**